BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਸਿਟੀ ਦੇ 2019 ਦੇ ਬਜਟ ਨੂੰ ਸਿਖਰਲੇ ਅਵਾਰਡ ਦੀ ਮਾਨਤਾ ਮਿਲੀ

ਬ੍ਰੈਂਪਟਨ, ਓਨਟੈਰੀਓ (6 ਦਸੰਬਰ, 2019) – ਸਿਟੀ ਆਫ ਬ੍ਰੈਂਪਟਨ ਦੇ ਮਨਜ਼ੂਰੀ ਪ੍ਰਾਪਤ ਓਪਰੇਟਿੰਗ ਐਂਡ ਕੈਪੀਟਲ ਬਜਟ 2019 (Operating and Capital Budget 2019) ਨੂੰ ਅਮਰੀਕਾ ਅਤੇ ਕੈਨੇਡਾ ਦੀ ਗਰਵਨਮੈਂਟ ਫਾਈਨੈਂਸ ਔਫਿਸਰਸ ਐਸੋਸੀਏਸ਼ਨ (ਜੀ.ਐਫ.ਓ.ਏ.) (Government Finance Officers Association) (GFOA) ਤੋਂ ਡਿਸਟਿੰਗੁਇਸ਼ਡ ਬਜਟ ਪ੍ਰੈਜੈਂਟੇਸ਼ਨ ਅਵਾਰਡ (Distinguished Budget Presentation Award) ਮਿਲਿਆ ਹੈ।

ਡਿਸਟਿੰਗੁਇਸ਼ਡ ਬਜਟ ਪ੍ਰੈਜੈਂਟੇਸ਼ਨ ਅਵਾਰਡ, ਸਰਕਾਰੀ ਬਜਟ ਦੇ ਸਬੰਧ ਵਿੱਚ ਜੀ.ਐਫ.ਓ.ਏ. ਦਾ ਮਾਨਤਾ ਦਾ ਉੱਚ ਪੱਧਰ ਹੈ। ਇਹ ਲਗਾਤਾਰ ਚੌਥਾ ਸਾਲ ਹੈ ਕਿ ਸਿਟੀ ਨੇ ਇਸ ਅਵਾਰਡ ਵਾਸਤੇ ਅਰਜ਼ੀ ਦਿੱਤੀ ਅਤੇ ਇਸਨੂੰ ਹਾਸਲ ਕੀਤਾ। ਇਹ ਅਵਾਰਡ ਵਿੱਤੀ ਪਾਰਦਰਸ਼ਕਤਾ ਅਤੇ ਵਧੀਆ ਸ਼ਾਸਨ ਵਿੱਚ ਕਾਫੀ ਵੱਡੀ ਉਪਲਬਧੀ ਨੂੰ ਦਰਸਾਉਂਦਾ ਹੈ।

ਇਸ ਮਾਨਤਾ ਨੂੰ ਹਾਸਲ ਕਰਨ ਲਈ ਸਿਟੀ ਨੇ ਪ੍ਰਭਾਵਸ਼ਾਲੀ ਬਜਟ ਪੇਸ਼ ਕਰਨ ਲਈ ਰਾਸ਼ਟਰੀ ਤੌਰ ਤੇ ਮਾਨਤਾ ਪ੍ਰਾਪਤ ਗਾਈਡਲਾਈਨਾਂ ਨੂੰ ਪੂਰਾ ਕੀਤਾ ਸੀ। ਇਹ ਗਾਈਡਲਾਈਨਾਂ ਮੁਲਾਂਕਣ ਕਰਦੀਆਂ ਹਨ ਕਿ ਨੀਤੀ ਦਸਤਾਵੇਜ਼, ਵਿੱਤੀ ਯੋਜਨਾ, ਸੰਚਾਲਨ ਮਾਰਗਦਰਸ਼ਨ ਅਤੇ ਸੰਚਾਰ ਸਾਧਨ ਦੇ ਤੌਰ ਤੇ ਬਜਟ ਯੋਜਨਾ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੀ ਹੈ।

**ਹਵਾਲੇ**

“ਸਿਟੀ ਦੇ ਬਜਟ ਦੀ ਯੋਜਨਾ ਬਣਾਉਣਾ ਇੱਕ ਸਮੂਹਿਕ ਯਤਨ ਹੈ, ਜਿਸ ਵਿੱਚ ਸੂਚਨਾਤਮਕ, ਸ਼ਮੂਲੀਅਤ ਵਾਲੇ ਅਤੇ ਪਾਰਦਰਸ਼ੀ ਢੰਗ ਨਾਲ ਸਾਰੇ ਸਟੇਕਹੋਲਡਰ ਸ਼ਾਮਲ ਹੁੰਦੇ ਹਨ। ਅਸੀਂ 2019-2021 ਦੇ ਬਜਟ ਲਈ ਮਿਲੇ ਇਸ ਅਵਾਰਡ ਵਾਸਤੇ ਸਾਡੇ ਨਿਵਾਸੀਆਂ ਅਤੇ ਹੋਰ ਸਟੇਕਹੋਲਡਰਾਂ ਦੇ ਧੰਨਵਾਦੀ ਹਾਂ, ਜਿਹਨਾਂ ਨੇ ਜ਼ੀਰੋ ਪ੍ਰਤੀਸ਼ਤ ਔਸਤ ਟੈਕਸ ਵਾਧਾ ਪ੍ਰਦਾਨ ਕਰਨ ਲਈ ਬਜਟ ਨੂੰ ਬਿਹਤਰ ਬਣਾਉਣ ਵਿੱਚ ਮਦਦ ਕੀਤੀ, ਜੋ ਲਗਭਗ 20 ਸਾਲਾਂ ਵਿੱਚ ਸਿਟੀ ਲਈ ਪਹਿਲਾ ਹੈ।”

- *ਮੇਅਰ ਪੈਟਰਿਕ ਬ੍ਰਾਊਨ (Patrick Brown)*

“ਅਸੀਂ ਸ਼ਲਾਘਾ ਕਰਦੇ ਹਾਂ ਕਿ ਇਹ ਅਵਾਰਡ, ਵਿੱਤੀ ਉੱਤਮਤਾ ਦੇ ਪ੍ਰਤੀ ਸਿਟੀ ਦੀ ਵਚਨਬੱਧਤਾ ਵਿੱਚ ਵਿਸ਼ਵਾਸ਼ ਦਾ ਪ੍ਰਸਤਾਵ ਹੈ। ਵਿੱਤ ਸਬੰਧੀ ਸੂਚਨਾ ਦੇਣ ਦੀ ਸਾਡੀ ਜਵਾਬਦੇਹੀ ਨੂੰ ਪੂਰਾ ਕਰਨ ਦੇ ਨਾਲ-ਨਾਲ, ਅਸੀਂ ਇੱਕ ਨਿਰਵਿਘਨ, ਵਿਸਤ੍ਰਿਤ ਅਤੇ ਜਵਾਬਦੇਹ ਬਜਟ ਪ੍ਰਕਿਰਿਆ ਤਿਆਰ ਕਰਨ ਦਾ ਯਤਨ ਕਰਦੇ ਹਾਂ। ਕਿਉਂਕਿ ਸਾਡੀਆਂ 2020 ਦੇ ਬਜਟ ਦੀਆਂ ਚਰਚਾਵਾਂ ਜਾਰੀ ਹਨ, ਅਸੀਂ ਇੱਕ ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਬਣਨ ਲਈ ਸੰਚਾਲਨ ਸਬੰਧੀ ਕੁਸ਼ਲਤਾਵਾਂ ਹਾਸਲ ਕਰਦੇ ਰਹਿਣ ਲਈ ਵਚਨਬੱਧ ਹਾਂ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ*

-30-

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

media release

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca